# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

**(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)**

**<u>ਮੁਸਤਰੀ ਮੁਨਿਆਦੀ</u>**

ਨਿਊ ਚੰਡੀਗੜ੍ਹ ਦੇ ਮਾਸਟਰ ਪਲੈਨ ਅਨੁਸਾਰ 200 ਫੁੱਟ ਚੋੜੀ ਵੀ.ਆਰ-7 ਸੜਕ ਜੋ ਕਿ ਪਿੰਡ ਹੁਸ਼ਿਆਰਪੁਰ ਜਿਸਦਾ ਰਕਬਾ (0.7063 ਏਕੜ), ਤਕੀਪੁਰ ਜਿਸ ਦਾ ਰਕਬਾ (2.5125 ਏਕੜ), ਰਸੂਲਪੁਰ ਜਿਸ ਦਾ ਰਕਬਾ (9.8563 ਏਕੜ), ਸਲਾਮਤਪੁਰ ਜਿਸ ਦਾ ਰਕਬਾ (11.5563 ਏਕੜ) ਅਤੇ ਭੜੌਂਜੀਆਂ ਜਿਸ ਦਾ ਰਕਬਾ (0.6875 ਏਕੜ) ਕੁੱਲ ਰਕਬਾ 25.3189 ਏਕੜ, ਸਬ-ਤਹਿਸੀਲ ਮਾਜਰੀ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਪ੍ਰਾਪਤੀ ਅਧੀਨ ਹੈ, ਦਾ ਅਵਾਰਡ ਮਿਤੀ 27.08.2024 ਨੂੰ ਸਮਾਂ 10 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਹਨਾਂ ਪਿੰਡਾਂ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

**ਸਥਾਨ: ਐਸ.ਏ.ਐਸ. ਨਗਰ**

**ਮਿਤੀ:**

**ਭੌਂ ਪ੍ਰਾਪਤੀ ਕੁਲੈਕਟਰ**

ਪਿ.ਅ.ਨੰ: ਐਮ.ਏ/ਐਲ.ਏ.ਸੀ/2024/ 2919 ਮਿਤੀ: 22/8/24

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂ, ਸਥਾਨ ਅਤੇ ਮਿਤੀ, ਹਾਜਰ ਹੋਣ ਲਈ ਤਹਿਸੀਲਦਾਰ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਹੁਸ਼ਿਆਰਪੁਰ, ਸਲਾਮਤਪੁਰ, ਰਸੂਲਪੁਰ, ਤਕੀਪੁਰ ਅਤੇ ਭੜੌਂਜੀਆਂ, ਸਬ-ਤਹਿਸੀਲ ਮਾਜਰੀ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਕੀਦਾਰ ਪਿੰਡ ਹੁਸ਼ਿਆਰਪੁਰ, ਸਲਾਮਤਪੁਰ, ਰਸੂਲਪੁਰ, ਤਕੀਪੁਰ ਅਤੇ ਭੜੌਂਜੀਆਂ, ਸਬ-ਤਹਿਸੀਲ ਮਾਜਰੀ ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ✓ ਸਿਸਟਮ ਮੈਨੇਜਰ ਗਮਾਡਾ/ਪੁੱਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner